# ਫੈਕਟ ਸ਼ੀਟ 06

# ਆਮਦਨ, ਸਮਾਜਿਕ ਮਦਦ ਅਤੇ ਨਸਲੀ ਗਰੀਬੀ

## ਸਮਾਜਿਕ ਮਦਦ ਅਤੇ ਆਮਦਨੀ ਦੇ ਵਸੀਲਿਆਂ ਦਾ ਗਰੀਬੀ ਨਾਲ ਸੰਬੰਧ

**ਜੈਂਡਰ ਪੇ ਗੈਪ (Gender Pay Gap):** ਹਾਲ ਹੀ ਵਿੱਚ ਆਏ ਪ੍ਰਵਾਸੀਆਂ (2011-2016) ਅਤੇ ਗੈਰ-ਪ੍ਰਵਾਸੀਆਂ ਦੀ ਆਮਦਨ ਵਿੱਚ 37% ਦਾ ਪਾੜਾ ਹੈ। ਗੈਰ-ਪ੍ਰਵਾਸੀ ਮਰਦਾਂ ਦੇ ਮੁਕਾਬਲੇ ਹਾਲ ਹੀ ਵਿੱਚ ਆਈਆਂ ਪ੍ਰਵਾਸੀ ਔਰਤਾਂ ਦੀ ਆਮਦਨ ਵਿੱਚ 59% ਦਾ ਪਾੜਾ ਹੈ। ਸੰਭਾਵਿਤ ਤੌਰ 'ਤੇ ਨਸਲਵਾਦੀ ਪ੍ਰਵਾਸੀ ਔਰਤਾਂ ਵਿਚ ਆਮਦਨੀ ਦਾ ਪਾੜਾ ਸਭ ਤੋਂ ਵੱਧ ਹੈ ।

**ਕਲਰ ਕੋਡ (Color Code):** ਓਨਟਾਰੀਓ ਵਿੱਚ ਸਾਲ 2015 ਦੌਰਾਨ ਇੱਕ ਗੋਰੇ ਆਦਮੀ ਦੁਆਰਾ ਪ੍ਰਾਪਤ ਕੀਤੇ ਹਰੇਕ ਡਾਲਰ ਪਿੱਛੇ ਜਾਤੀਗਤ ਔਰਤਾਂ ਅਤੇ ਮਰਦਾਂ ਨੇ ਕ੍ਰਮਵਾਰ 58 ਅਤੇ 76 ਸੈਂਟ ਦੀ ਕਮਾਏ ਕੀਤੀ।

**ਵਖਰੇਵੇਂ ਦਾ ਪ੍ਰਭਾਵ (Differential Impact):** ਘੱਟ ਆਮਦਨੀ ਦੇ ਅੰਕੜਿਆਂ ਵਿੱਚ ਜਾਤੀਗਤ ਲੋਕਾਂ ਦੀ ਗਿਣਤੀ ਜ਼ਿਆਦਾ ਹੈ। ਸਾਲ 2016 ਦੌਰਾਨ ਓਨਟਾਰਿਓ ਦੇ ਗੈਰ-ਨਸਲੀ ਨਿਵਾਸੀਆਂ ਦੀ 11.5% ਦੇ ਮੁਕਾਬਲੇ ਕਲਰ ਕਮਿਊਨਿਟੀ ਦੇ ਲੋਕਾਂ ਦੀ ਲੋ-ਇਨਕਮ ਦਰ 21.3 ਫੀਸਦੀ ਸੀ । ਕਨੇਡਾ ਦੇ ਗੈਰ-ਜਾਤੀਗਤ ਵਸਨੀਕਾਂ ਦੇ 12 ਪ੍ਰਤੀਸ਼ਤ ਦੇ ਉਲਟ ਜਾਤੀਗਤ ਲੋਕਾਂ ਦੀ ਲੋਅ ਇਨਕਮ ਦਰ 12% ਦਰਜ ਹੋਈ।

**ਇਮੀਗ੍ਰੇਸ਼ਨ (Immigration):** ਹਾਲ ਹੀ ਵਿੱਚ ਆਏ ਪ੍ਰਵਾਸੀਆਂ ਦੀ ਆਮਦਨੀ ਦੀ ਦਰ 31.4% ਸੀ ਜੋ ਗੈਰ-ਪ੍ਰਵਾਸੀਆਂ ਲਈ 12.5% ਦੀ ਦਰ ਨਾਲੋਂ ਦੋ ਗੁਣਾ ਵੱਧ ਹੈ। ਨਸਲੀ ਪ੍ਰਵਾਸੀ ਸਭ ਤੋਂ ਘੱਟ ਆਮਦਨੀ ਦੀਆਂ ਦਰਾਂ ਵਿੱਚ ਜਿਊਂਦੇ ਹਨ ।

**ਪਬਲਿਕ ਹੈਲਥ (Public Health):** ਸਮਾਜਿਕ ਸਹਾਇਤਾ 'ਤੇ ਜਿਉਣ ਵਾਲੇ ਲੋਕ ਅਮੀਰਾਂ ਦੀ ਤੁਲਨਾ ਵਿਚ 4 ਗੁਣਾ ਤੋਂ ਜ਼ਿਆਦਾ ਵਾਰ ਜ਼ਿੰਦਗੀ ਦੇ ਕਿਸੇ ਨਾ ਕਿਸੇ ਪੜਾਅ 'ਤੇ ਖੁਦਕੁਸ਼ੀ ਕਰਨ ਬਾਰੇ ਸੋਚਦੇ ਹਨ। ਇੰਡੀਜੀਨੱਸ ਅਤੇ ਕਲਰ ਕੋਡ ਵਾਲੇ ਲੋਕਾਂ ਨੂੰ ਸਰੀਰਿਕ ਅਤੇ ਮਾਨਸਿਕ ਸਿਹਤ ਸੇਵਾਵਾਂ ਨਾ ਮਿਲਣ ਕਰਕੇ ਅਕਸਰ ਨੁਕਸਾਨ ਉਠਾਉਣਾ ਪੈਂਦਾ ਹੈ।



***ਬਹੁਤ ਸਾਰੇ ਸਮਾਜਿਕ ਪ੍ਰੋਗਰਾਮਾਂ (Social Entitlement Programs ) ਵਿੱਚ ਆਪਣਾ ਯੋਗਦਾਨ ਪਾਉਣ ਦੇ ਬਵਜੂਦ ਵੀ ਨੂੰ ਪ੍ਰਵਾਸੀ ਮਜ਼ਦੂਰਾਂ (Migrant Workers) ਨੂੰ ਇਨ੍ਹਾਂ ਪ੍ਰੋਗਰਾਮਾਂ ਦਾ ਲਾਭ ਲੈਣ ਤੋਂ ਵਾਂਝੇ ਰੱਖਿਆ ਜਾਂਦਾ ਹੈ।***

**ਅਸੁਰੱਖਿਅਤ ਤੇ ਅਨਿਸ਼ਚਿਤ (Precarious):** ਨਸਲੀ (ਇੰਡੀਜੀਨੱਸ ਅਤੇ ਕਲਰ ਕੋਡ ਵਾਲੇ ਲੋਕ) ਅਤੇ ਪ੍ਰਵਾਸੀ ਲੋਕਾਂ ਦੀ ਪਾਰਟ-ਟਾਈਮ ਅਤੇ ਅਚਨਚੇਤ ਰੁਜ਼ਗਾਰਾਂ (precarious work) ਵਿੱਚ ਨੁਮਾਇੰਦਗੀ ਵਧੇਰੇ ਹੈ। ਇਹਨਾਂ ਰੋਜ਼ਗਾਰਾਂ ਵਿੱਚ ਦੂਸਰੇ ਰੋਜ਼ਗਾਰਾਂ ਦੇ ਮੁਕਾਬਲੇ ਘੱਟ ਤਨਖਾਹ, ਲਾਭਾਂ ਦੀ ਅਣਹੋਂਦ ਅਤੇ ਨੌਕਰੀ ਖੁੱਸਣ ਦਾ ਇਮਕਾਨ ਕਾਫੀ ਜ਼ਿਆਦਾ ਹੁੰਦਾ ਹੈ ।

**ਇਨਕਮ ਗੈਪ (Income Gap):** ਸਾਲ 2016 ਵਿੱਚ, ਨਸਲੀ ਅਤੇ ਗੈਰ-ਜਾਤੀਗਤ ਵਸਨੀਕਾਂ ਦਰਮਿਆਨ ਆਮਦਨੀ ਦਾ ਪਾੜਾ ਰਾਸ਼ਟਰੀ ਪੱਧਰ 'ਤੇ 25% ਤੋਂ 26% ਤੱਕ ਵਧਿਆ ।

## ਇੰਡੀਜੀਨਸ ਫੈਕਸ


***ਸਾਲ 2018 ਦੀ ਸਿਹਤ ਰਿਪੋਰਟ ਅਨੁਸਾਰ ਟੋਰਾਂਟੋ ਦੇ 87% ਇੰਡੀਜੀਨੱਸ ਲੋਕ ਟੈਕਸ ਤੋਂ ਪਹਿਲਾਂ ਦੀ ਆਮਦਨੀ ਤੋਂ ਕਟੌਤੀ (before-tax low-income cut-off) ਤੋਂ ਹੇਠਾਂ ਰਹਿੰਦੇ ਸਨ, ਜਿੱਥੇ ਇੱਕ ਪਰਿਵਾਰ ਆਮ ਤੌਰ ਤੇ ਆਪਣੀ ਆਮਦਨੀ ਦਾ 70 ਪ੍ਰਤੀਸ਼ਤ ਜਾਂ ਵਧੇਰੇ ਭੋਜਨ, ਪਨਾਹ ਅਤੇ ਕੱਪੜਿਆਂ ਉੱਤੇ ਖਰਚ ਕਰ ਰਿਹਾ ਸੀ।***



- ਇੰਡੀਜੀਨੱਸ ਕਮਿਊਨਿਟੀ (Indigenous Community) ਦੇ ਬੱਚਿਆਂ ਵਿੱਚ ਨਾਨ-ਇੰਡੀਜੀਨੱਸ ਦੇ ਮੁਕਾਬਲੇ ਗਰੀਬੀ ਦੀ ਦਰ 2 ਗੁਣਾ ਜ਼ਿਆਦਾ ਹੈ ।
- ਇੰਡੀਜੀਨੱਸ ਅਤੇ ਨਾਨ-ਇੰਡੀਜੀਨੱਸ ਲੋਕਾਂ ਵਿਚਕਾਰ ਆਮਦਨੀ ਦਾ ਇੱਕ ਡੂੰਘਾ ਅਤੇ ਸਥਿਰ ਪਾੜਾ ਜਾਰੀ ਹੈ। 2016 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਵਿੱਚ ਇੰਡੀਜੀਨੱਸ ਔਰਤਾਂ ਅਤੇ ਨਾਨ-ਇੰਡੀਜੀਨੱਸ ਮਰਦਾਂ ਵਿਚਕਾਰ ਆਮਦਨ ਦਾ ਪਾੜਾ 45% ਦਰਸਾਇਆ ਗਿਆ ਹੈ, ਜਦੋਂ ਕਿ ਸਾਰੇ ਇੰਡੀਜੀਨੱਸ ਅਤੇ ਨਾਨ-ਇੰਡੀਜੀਨੱਸ ਲੋਕਾਂ ਵਿੱਚ ਔਸਤਨ ਇਨਕਮ ਗੈਪ 33% ਸੀ।
- ਸਾਲ 2012-13 ਦੌਰਾਨ, ਕੈਨੇਡੀਅਨਾਂ ਦੇ 5 ਪ੍ਰਤੀਸ਼ਤ ਦੀ ਤੁਲਨਾ ਵਿੱਚ ਆਨ-ਰਿਜ਼ਰਵ ਫਰਸਟ-ਨੇਸ਼ਨਜ਼ (On-reserve First Nations ) ਦਾ ਤਕਰੀਬਨ 33.6 ਪ੍ਰਤੀਸ਼ਤ ਆਮਦਨੀ ਸਹਾਇਤਾ 'ਤੇ ਸੀ। ਕੁਝ ਇੰਡੀਜੀਨੱਸ ਕਮਿਊਨਿਟੀਆਂ ਵਿੱਚ 80% ਤੋਂ ਵੱਧ ਲੋਕ ਸਮਾਜਿਕ ਸਹਾਇਤਾ ਦੇ ਆਸਰੇ ਜਿਊਂਦੇ ਹਨ।
- ਇੰਡੀਜੀਨੱਸ ਲੋਕਾਂ ਲਈ ਆਮਦਨੀ ਨੂੰ ਸਿੱਧੇ ਤੌਰ 'ਤੇ ਵਿਦਿਅਕ ਪ੍ਰਾਪਤੀ ਦੇ ਪੱਧਰ ਨਾਲ ਜੋੜਿਆ ਜਾਂਦਾ ਹੈ ।

## ਗਰੀਬੀ ਰੇਖਾ ਵਿੱਚ ਰਹਿੰਦੇ ਕਲਰ ਕੋਡ ਵਾਲੇ ਲੋਕਾਂ ਦਾ ਪ੍ਰਤੀਸ਼ਤ

*(ਕੈਨੇਡੀਅਨ ਮਰਦਮਸ਼ੁਮਾਰੀ 2016)*




## ਧਿਆਨ ਦੇਣਯੋਗ ਤੱਥ

- ਕਲਰ ਕੋਡ ਵਾਲੇ ਕੈਨੇਡੀਅਨਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਨ੍ਹਾਂ ਦਾ ਪਿਛੋਕੜ ਯੂਰਪ ਤੋਂ ਨਹੀਂ ਹੈ। ਫਿਰ ਭਾਵੇਂ ਉਹਨਾਂ ਦਾ ਜਨਮ ਕੈਨੇਡਾ ਜਾਂ ਕਿਸੇ ਵੀ ਹੋਰ ਗੈਰ ਯੂਰਪੀਅਨ ਦੇਸ਼ ਵਿੱਚ ਹੋਇਆ ਹੋਵੇ।

- ਇੰਡੀਜੀਨੱਸ ਲੋਕਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਹਨਾਂ ਨੂੰ ਫਰਸਟ ਨੇਸ਼ਨਲਜ਼ (First Nationals), ਇਨਯੂਟ (Inuit), ਅਤੇ ਮੈਟਿਸ (Métis) ਸਮਝਿਆ ਜਾਂਦਾ ਹੈ।

- ਟੋਰਾਂਟੋ ਵਿਚ, ਗਰੀਬੀ ਵਿਚ ਰਹਿਣ ਵਾਲੇ ਸਾਰੇ ਵਿਅਕਤੀਆਂ ਦਾ 62% ਜਾਤੀਗਤ ਸਮੂਹਾਂ ਨਾਲ ਸੰਬੰਧ ਰੱਖਦੇ ਹਨ।

- ਕੈਨੇਡਾ ਦੇ 52% ਗਰੀਬ ਜਾਤੀਗਤ ਲੋਕ ਓਨਟਾਰੀਓ ਵਿੱਚ ਰਹਿੰਦੇ ਹਨ ।

- ਉਹ ਪਰਿਵਾਰ ਜੋ ਕਨੇਡਾ ਦੀ ਲੋ ਇਨਕਮ ਕਟ-ਆਫ (LICO) ਜਾਂ ਲੋ ਇਨਕਮ ਮੈਜ਼ਰ (LIM) ਤੋਂ ਹੇਠਾਂ ਆਉਂਦੇ ਹਨ ਉਹ ਕਿਸੇ ਆਮ ਪਰਿਵਾਰ ਦੇ ਮੁਕਾਬਲੇ ਆਪਣੀ ਆਮਦਨੀ ਦਾ ਬਹੁਤ ਵੱਡਾ ਹਿੱਸਾ ਭੋਜਨ ਅਤੇ ਪਨਾਹ ਵਰਗੀਆਂ ਬੁਨਿਆਦੀ ਜ਼ਰੂਰਤਾਂ 'ਤੇ ਖਰਚ ਕਰਦੇ ਹਨ । ਇਹ ਕਿਸੇ ਖਿੱਤੇ ਦੇ ਲੋਕਾਂ ਵਿੱਚ ਗਰੀਬੀ ਨੂੰ ਮਾਪਣ ਦਾ ਪੈਮਾਨਾ ਹੈ।

- ਸਿਸਟੇਮੈਟਿਕ ਰੇਸਿਜ਼ਮ (Systematic Racism) ਅਕਸਰ ਨੀਤੀਆਂ, ਅਭਿਆਸਾਂ ਅਤੇ ਸਕੀਮਾਂ ਵਿੱਚ ਕੀਤੇ ਗਏ ਪੱਖਪਾਤ ਕਰਕੇ ਹੁੰਦਾ ਹੈ ਜੋ ਕਿਸੇ ਗਰੁੱਪ ਨੂੰ ਫਾਇਦਾ ਜਾਂ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਸ਼ੁਰੂ ਹੁੰਦਾ ਹੈ।

**ਇੰਡੀਜੀਨੱਸ ਜਨਗਣਨਾ (Indigenous Census)**: ਇੰਡੀਜੀਨੱਸ ਲੋਕਾਂ ਦੀ ਆਮਦਨੀ ਦਰ ਦਰਸਾਉਣ ਵਾਲੀਆਂ ਰਿਪੋਰਟਾਂ ਦੇ ਲੋ-ਇਨਕਮ ਅੰਕੜੇ ਕਈ ਵਾਰ ਅਸਲ ਤੱਥ ਨਹੀਂ ਦਰਸਾ ਪਾਉਂਦੇ। ਕਿਉਂਕਿ ਬਹੁਤ ਇੰਡੀਜੀਨੱਸ ਲੋਕ ਪਿਛਲੀਆਂ ਅਤੇ ਮੌਜੂਦਾ ਬਸਤੀਵਾਦੀ ਨੀਤੀਆਂ ਦੇ ਚਲਦੇ, ਸਰਕਾਰ 'ਤੇ ਵਿਸ਼ਵਾਸ ਨਾ ਹੋਣ ਕਾਰਨ ਮਰਦਮਸ਼ੁਮਾਰੀ ਵਿੱਚ ਹਿੱਸਾ ਨਹੀਂ ਲੈਂਦੇ।

**ਘੱਟ ਆਮਦਨੀ (Low-Income)**: ਉਨਟਾਰੀਓ ਦੇ ਨਸਲੀ ਜਾਤੀ ਸਮੂਹਾਂ ਵਿੱਚ ਸ਼ਾਮਿਲ ਅਰਬ (40.6%), ਪੱਛਮੀ ਏਸ਼ੀਆਈ (36.1%), ਕੋਰੀਅਨ (31.4%), ਕਾਲਾ (24.1%), ਚੀਨੀ (22.2%), ਲੈਟਨ ਅਮਰੀਕੀ (19.9%), ਦੱਖਣ ਪੂਰਬੀ ਏਸ਼ੀਅਨ (18.4%), ਅਤੇ ਦੱਖਣੀ ਏਸ਼ੀਆਈ (18.0%) ਲੋ-ਇਨਕਮ ਵਿੱਚ ਆਪਣਾ ਜੀਵਨ ਬਤੀਤ ਕਰ ਰਹੇ ਹਨ। ਇਸ ਦੇ ਉਲਟ ਗੈਰ ਕਲਰ ਕੋਡ ਵਾਲੇ ਲੋਕਾਂ ਵਿੱਚ ਇਹ ਅੰਕੜਾ ਸਿਰਫ 11.5 ਪ੍ਰਤੀਸ਼ਤ ਹੈ।

## ਉਪਰਾਲੇ

**ਇਨਕਮ ਸਿਕਉਰਿਟੀ ਐਡਵੋਕੇਸੀ ਸੈਂਟਰ (Income Security Advocacy Centre, ISAC)** ਓਨਟਾਰੀਓ ਦੇ ਕਮਿਊਨਿਟੀ ਲੀਗਲ ਕਲੀਨਿਕ ਸਿਸਟਮ ਦਾ ਇਕ ਵਿਸ਼ੇਸ਼ ਕਾਨੂੰਨੀ ਕਲੀਨਿਕ ਹੈ ਜਿਸ ਦੇ ਨਾਲ ਓਨਟਾਰੀਓ ਵਿਚ ਰਹਿੰਦੇ ਲੋਕਾਂ ਦੀ ਇਨਕਮ ਸਕਿਉਰਿਟੀ ਨੂੰ ਕਮਿਊਨਿਟੀ ਪ੍ਰਬੰਧਨ, ਨੀਤੀਆਂ ਬਣਾਉਣ ਅਤੇ ਸਪੋਰਟ ਕਰਨ, ਅਤੇ ਟੈਸਟ ਕੇਸ ਵਰਗੀਆਂ ਨੀਤੀਆਂ ਰਾਹੀਂ ਬਿਹਤਰ ਬਣਾਉਣ ਲਈ ਉਪਰਾਲੇ ਸਿਰਜੇ ਜਾਂਦੇ ਹਨ।

**Website**: *iincomesecurity.org* **email**: *isac@lao.on.ca*

**ਸਿਸਟ੍ਰਿੰਗ (Sistering)** ਇਕ ਕਮਿਊਨਿਟੀ ਅਧਾਰਤ ਸੇਵਾ ਪ੍ਰਦਾਤਾ ਹੈ ਜੋ ਨਸਲਵਾਦ ਅਤੇ ਜ਼ਬਰ-ਵਿਰੋਧੀ ਵਿਚਾਰਧਾਰਾ ਤੋਂ ਪ੍ਰੇਰਿਤ ਹੈ । ਇਹ ਸੰਸਥਾ ਅਸਮਾਨਤਾ ਅਤੇ ਅਜਿਹੀਆਂ ਸਮਾਜਿਕ ਸਥਿਤੀਆਂ ਨੂੰ ਬਦਲਣ ਦਾ ਕੰਮ ਕਰਦੀ ਹੈ ਜੋ ਬੇਘਰ, ਘਰਾਂ ਵਿਚ ਰਹਿਣ ਵਾਲੀਆਂ ਜਾਂ ਘੱਟ ਆਮਦਨੀ ਵਾਲੀਆਂ ਔਰਤਾਂ ਲਈ ਕਈ ਪ੍ਰਕਾਰ ਦੀਆਂ ਚੁਣੌਤੀਆਂ ਅਤੇ ਮੁਸ਼ਕਿਲਾਂ ਖੜ੍ਹੀਆ ਕਰਦੀਆਂ ਹਨ।

**Website**: *www.sistering.org*

**email**: *general_info@sistering.org*